Punjab Government Gazette

Published by Authority

No. 25] CHANDIGARH, FRIDAY JUNE 19, 2026 (JYAISTHA 29, 1948 SAKA)

PART I

Punjab Government Notifications and Orders

ਦਫ਼ਤਰ:ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ

ਹੁਕਮ

ਮਿਤੀ 31 ਮਈ, 2024

ਹੁਕਮ 178.- ਆਪ ਸ਼੍ਰੀ ਦੀਪਕ ਕੁਮਾਰ, ਵਾਰਡਰ ਪੇਟੀ ਨੰ:620, ਕੇਂਦਰੀ ਜੇਲ੍ਹ ਲੁਧਿਆਣਾ ਜਿਸਦੀ ਮਿਤੀ 08/09-02-2023 ਦੀ ਰਾਤ ਨੂੰ ਸਮਾਂ ਰਾਤ 12:00 ਤੋਂ 03:00 ਵਜੇ ਤੱਕ ਗੰਗਾ ਅਤੇ ਸਮਾਂ 03:00 ਵਜੇ ਤੋਂ ਸਵੇਰ 06:00 ਵਜੇ ਤੱਕ ਬੀ-ਕਲਾਸ ਵਿੱਚ ਬਤੌਰ ਨਿਗਰਾਨ ਡਿਊਟੀ ਸੀ। ਮਿਤੀ 09-02-2023 ਨੂੰ ਸਵੇਰੇ 06:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਡਿਊਟੀ ਤੇ ਤਾਇਨਾਤ ਵਾਰਡਰ ਅਮਨਦੀਪ ਸਿੰਘ ਨੰ:634 ਵੱਲੋਂ ਚੱਕਰ ਹੈਡਵਾਰਡਰ ਨੂੰ ਦੱਸਿਆ ਗਿਆ ਕਿ ਗੰਗਾ ਵਾਰਡ ਦੇ ਬੰਦੀਆਂ ਤੋਂ ਸੂਚਨਾਂ ਮਿਲੀ ਕਿ ਰਾਤ ਵਾਰਡਰ ਦੀਪਕ ਕੁਮਾਰ ਨੰ:620 ਵੱਲੋਂ ਫੈਂਕਾ ਚੁੱਕ ਕੇ ਬੰਦੀਆਂ ਨੂੰ ਦਿੱਤਾ ਗਿਆ ਹੈ। ਇਸ ਲਈ ਗੰਗਾ ਵਾਰਡ ਦੀ ਤਲਾਸ਼ੀ ਕੀਤੀ ਜਾਣੀ ਚਾਹੀਦੀ ਹੈ, ਜਿਸ ਤੇ ਕਾਰਵਾਈ ਕਰਦੇ ਹੋਏ ਸ਼੍ਰੀ ਕਸ਼ਮੀਰ ਲਾਲ, ਸਹਾਇਕ ਸੁਪਰਡੈਂਟ(ਆਨ ਪੇ ਸਕੇਲ) ਅਤੇ ਸ਼੍ਰੀ ਸਰਵਨ ਸਿੰਘ ਸਹਾਇਕ ਸੁਪਰਡੈਂਟ (ਆਨ ਪੇ ਸਕੇਲ) ਵੱਲੋਂ ਸਮੇਤ ਜੇਲ੍ਹ ਗਾਰਦ ਗੰਗਾ ਵਾਰਡ ਦੀ ਬੈਰਕ ਨੰ:3 ਦੀ ਅਚਨਚੇਤ ਤਲਾਸ਼ੀ ਕਰਵਾਈ ਗਈ, ਤਲਾਸ਼. ਦੌਰਾਨ ਬੈਰਕ ਦੇ ਰੋਸ਼ਨਦਾਰ ਵਿੱਚ ਛੁਪਾਏ ਹੋਏ 03 ਮੋਬਾਇਲ ਫੋਨ ਅਤੇ 25 ਜਰਦੇ (ਤੰਬਾਕੂ) ਦੀਆਂ ਪੁੜੀਆਂ ਬਰਾਮਦ ਹੋਇਆਂ। ਬੈਰਕ ਦੇ ਬੰਦੀਆਂ ਵੱਲੋਂ ਦੱਸਿਆ ਗਿਆ ਕਿ ਵਾਰਡਰ ਦੀਪਕ ਕੁਮਾਰ ਨੰ:620 ਰਾਤ ਸਮੇਂ ਕਿਸ਼ਨੇ ਨਾਮ ਦੇ ਬੰਦੀ ਨੂੰ ਅਵਾਜਾਂ ਮਾਰ ਰਿਹਾ ਸੀ। ਇਸ ਉਪਰੰਤ ਸ਼੍ਰੀ ਕੰਵਰ ਸੁਰਤੇਗ ਸਿੰਘ, ਡਿਪਟੀ ਸੁਪਰਡੈਂਟ (ਫੈਕਟਰੀ) ਵੱਲੋਂ ਸ਼੍ਰੀ ਹਰਮਿੰਦਰ ਸਿੰਘ ਸਹਾਇਕ ਸੁਪਰਡੈਂਟ (ਲਾਈਨ ਅਫ਼ਸਰ), ਹੈਡਵਾਰਡਰ ਕਸ਼ਮੀਰ ਸਿੰਘ ਪੇਟੀ ਨੰ: 1222 ਅਤੇ ਸ਼੍ਰੀ ਸਰਵਨ ਸਿੰਘ, ਸਹਾਇਕ ਸੁਪਰਡੈਂਟ ਨੂੰ ਵਾਰਡਰ ਲਾਈਨ ਵਿੱਚ ਆਪ ਦੇ ਕਮਰੇ ਵਿੱਚ ਭੇਜਿਆ ਗਿਆ, ਜਿੱਥੇ ਆਪਦਾ ਮੋਬਾਇਲ ਫੋਨ ਸ਼੍ਰੀ ਸਰਵਨ ਸਿੰਘ, ਸਹਾਇਕ ਸੁਪਰਡੈਂਟ ਵੱਲੋਂ ਬਰਾਮਦ ਕੀਤਾ ਗਿਆ। ਇਸ ਦੌਰਾਨ ਹੀ ਆਪ ਵਾਰਡਰ ਦੀਪਕ ਕੁਮਾਰ ਨੰ:620 ਦੇ ਮੋਬਾਇਲ ਫੋਨ ਤੇ ਕਾਲ ਆਈ, ਜਿਸਨੂੰ ਹੈਂਡ ਫਰੀ ਕਰਕੇ ਸੁਣਿਆ ਗਿਆ, ਤਾਂ ਕਾਲ ਤੇ ਜੇਲ੍ਹ ਅੰਦਰ ਬੰਦ ਹਵਾਲਾਤੀ ਰੁਸਤਮ ਪੁੱਤਰ ਸੋਢੀ ਰਾਮ ਗੱਲ ਕਰ ਰਿਹਾ ਸੀ ਅਤੇ ਕਹਿ ਕਿਹਾ ਸੀ ਕਿ " ਆਪਣਾ payTM ਨੰਬਰ ਦੇ, ਮੈਂ ਤੈਨੂੰ ਪੈਸੇ ਭੇਜ ਦਿੰਦਾ ਹਾਂ ਅਤੇ ਮੈਨੂੰ ਜਰਦਾ ਲਿਆ ਕੇ ਦੇ ਦੇਵੀ।" ਇਸ ਉਪਰੰਤ ਕੁਝ ਸਮੇਂ ਬਾਅਦ ਇੱਕ ਹੋਰ ਨੰਬਰ ਤੋਂ ਕਾਲ ਆਈ, ਜੋ ਕਿ ਹਾਈ ਸਕਿਉਰਟੀ ਜ਼ੋਨ ਵਿੱਚ ਬੰਦ ਹਵਾਲਾਤੀ ਗਗਨ ਵਿੱਜ ਪੁੱਤਰ ਦਿਨੇਸ਼ ਵਿੱਜ ਵੱਲੋਂ ਕੀਤੀ ਗਈ ਸੀ ਅਤੇ ਉਹ ਕਹਿ ਰਿਹਾ ਸੀ ਕਿ " ਅੱਜ ਤੰਬਾਕੂ ਲਿਆ ਦੇਵੀ।" ਆਪ ਵੱਲੋਂ ਜੇਲ੍ਹ ਅੰਦਰ ਬੰਦ ਬੰਦੀਆਂ ਨਾਲ ਤਾਲਮੇਲ ਬਣਾ ਕੇ ਉਹਨਾਂ ਨੂੰ ਵਰਜ਼ਿਤ ਵਸਤੂਆਂ (ਨਸ਼ੇ) ਅਤੇ ਮੋਬਾਇਲ ਫੋਨ ਸਪਲਾਈ ਕਰਨਾ ਆਪਦੀ ਡਿਊਟੀ ਪ੍ਰਤੀ ਘੋਰ ਕੋਤਾਹੀ ਹੈ, ਜੋ ਕਿ ਜੇਲ੍ਹ ਨਿਯਮਾਂ ਅਨੁਸਾਰ ਇੱਕ ਅਪਰਾਧ ਹੈ। ਉਕਤ ਦੋਸ਼ ਤਹਿਤ ਸੁਪਰਡੈਂਟ ਕੇਂਦਰੀ ਜੇਲ੍ਹ ਲੁਧਿਆਣਾ ਵੱਲੋਂ ਆਪ ਵਿਰੁੱਧ ਜੇਲ੍ਹ ਅੰਦਰ ਬੰਦ ਬੰਦੀਆਂ ਨੂੰ ਨਸ਼ੀਲੀਆਂ ਵਰਜ਼ਿਤ ਵਸਤੂਆਂ (ਨਸ਼ੇ) ਅਤੇ ਮੋਬਾਇਲ ਫੋਨ ਸਪਲਾਈ ਕਰਨ ਦੇ ਦੋਸ਼ਾਂ ਤਹਿਤ ਮੁਕੱਦਮਾਂ ਨੰ:0065 ਮਿਤੀ 10.02.2023 ਅਧੀਨ ਧਾਰਾ 52-ਏ(1) ਪ੍ਰਿਜ਼ਨ ਐਕਟ, 1894 ਥਾਣਾ ਡਵੀਜ਼ਨ ਨੰਬਰ 07 ਲੁਧਿਆਣਾ ਵਿਖੇ ਦਰਜ ਕਰਵਾਇਆ

ਗਿਆ ਹੈ ਅਤੇ ਹੁਕਮ ਪਿੱਠ ਅੰਕਣ ਨੰ:1563-67 ਮਿਤੀ 16-02-2023 ਰਾਹੀਂ ਆਪ ਨੂੰ ਮਿਤੀ 16-02-2023 ਨੂੰ ਸਵੇਰੇ ਤੋਂ ਮੁਅੱਤਲ ਕੀਤਾ ਗਿਆ। ਆਪ ਸ਼੍ਰੀ ਦੀਪਕ ਕੁਮਾਰ, ਵਾਰਡਰ ਪੇਟੀ ਨੰ:620 ਵਿਰੁੱਧ ਵਿਭਾਗੀ ਕਾਰਵਾਈ ਕਰਨ ਲਈ ਇਸ ਦਫ਼ਤਰ ਦੇ ਪੱਤਰ ਨੰ:631-32 ਮਿਤੀ 16-03-2023 ਨਾਲ ਪੰਜਾਬ ਸਿਵਲ ਸਰਵਿਸਜ਼ (ਸਜ਼ਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 08 ਤਹਿਤ ਚਾਰਜਸ਼ੀਟ ਕੀਤਾ ਗਿਆ। ਪ੍ਰੰਤੂ ਆਪ ਵੱਲੋਂ ਚਾਰਜਸ਼ੀਟ ਦਾ ਜਵਾਬ ਸਮੇਂ ਸਿਰ ਇਸ ਦਫ਼ਤਰ ਵਿਖੇ ਪ੍ਰਾਪਤ ਨਹੀਂ ਹੋਇਆ।

2. ਆਪ ਵੱਲੋਂ ਚਾਰਜਸ਼ੀਟ ਦਾ ਜਵਾਬ ਇਸ ਦਫ਼ਤਰ ਵਿਖੇ ਪ੍ਰਾਪਤ ਨਾ ਹੋਣ ਕਾਰਨ ਆਪਦੇ ਵਿਭਾਗੀ ਕੇਸ ਵਿੱਚ ਬੇ-ਵਜਾਹ ਹੋ ਰਹੀ ਦੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਭਾਗੀ ਕੇਸ ਦੇ ਅਸਲ ਤੱਥਾਂ ਦੀ ਸਚਾਈ ਤੱਕ ਪਹੁੰਚਣ ਲਈ ਵਿਭਾਗੀ ਪੜਤਾਲ ਕਰਨ ਹਿੱਤ ਇਸ ਦਫ਼ਤਰ ਦੇ ਹੁਕਮ ਪਿੱਠ ਅੰਕਣ ਨੰ:48 ਮਿਤੀ 13-04-2023 ਰਾਹੀਂ ਸ਼੍ਰੀ ਗੁਰਮੁੱਖ ਸਿੰਘ, ਸੁਪਰਡੈਂਟ, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਨੂੰ ਇੰਨਕੁਆਰੀ ਅਫ਼ਸਰ ਲਗਾਇਆ ਗਿਆ।

3. ਇੰਨਕੁਆਰੀ ਅਫ਼ਸਰ ਸ਼੍ਰੀ ਗੁਰਮੁੱਖ ਸਿੰਘ, ਸੁਪਰਡੈਂਟ , ਖੁੱਲੀ ਖੇਤੀਬਾੜੀ ਨਾਭਾ ਵੱਲੋਂ ਆਪਣੇ ਪੱਤਰ ਨੰ: 2691 ਮਿਤੀ 06-12-2023 ਨਾਲ ਇੰਨਕੁਆਰੀ ਰਿਪੋਰਟ ਮੁੰਕਮਲ ਕਰਕੇ ਇਸ ਦਫ਼ਤਰ ਨੂੰ ਭੇਜੀ ਗਈ। ਇੰਨਕੁਆਰੀ ਅਫ਼ਸਰ ਵੱਲੋਂ ਪ੍ਰਾਪਤ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ *" ਵਾਰਡਰ ਦੀਪਕ ਕੁਮਾਰ ਪੇਟੀ ਨੰ:620 ਦੀ ਡਿਊਟੀ ਮਿਤੀ 08/09-02-2023 ਦੀ ਰਾਤ ਨੂੰ ਸਮਾਂ ਰਾਤ 12:00 ਤੋਂ 03:00 ਵਜੇ ਤੱਕ ਗੰਗਾ ਵਾਰਡ ਅਤੇ ਸਮਾਂ 03:00 ਵਜੇ ਤੋਂ ਸਵੇਰ 06:00 ਵਜੇ ਤੱਕ ਬੀ.ਕਾਲਸ ਵਿੱਚ ਬਤੌਰ ਨਿਗਰਾਨ ਡਿਊਟੀ ਲੱਗੀ ਸੀ। ਇਸ ਕਰਮਚਾਰੀ ਵੱਲੋਂ ਫੈਂਕਾ ਚੁੱਕ ਕੇ ਗੰਗਾ ਵਾਰਡ ਵਿੱਚ ਦਿੱਤਾ ਗਿਆ,ਜਿਸ ਵਿੱਚ 03 ਮੋਬਾਇਲ ਫੋਨ ਅਤੇ 25 ਜਰਦੇ ਦੀਆਂ ਪੁੜੀਆਂ ਚੁੱਕ ਕੇ ਬੰਦੀਆਂ ਨੂੰ ਮਿਤੀ 08/09-02-2023 ਨੂੰ ਰਾਤ ਸਮੇਂ ਡਿਊਟੀ ਦੌਰਾਨ ਦਿੱਤੀਆਂ ਸਨ। ਵਾਰਡਰ ਅਮਨਦੀਪ ਸਿੰਘ ਪੇਟੀ ਨੰ:634 ਨੂੰ ਗੰਗਾ ਵਾਰਡ ਦੇ ਬੰਦੀਆਂ ਤੋਂ ਸੂਚਨਾ ਮਿਲੀ ਕਿ ਰਾਤ ਵਾਰਡਰ ਦੀਪਕ ਕੁਮਾਰ ਪੇਟੀ ਨੰ:620 ਨੇ ਗੰਗਾ ਵਾਰਡ ਵਿੱਚ ਫੈਂਕਾ ਚੁੱਕ ਕੇ ਬੰਦੀਆਂ ਨੂੰ ਦਿੱਤਾ ਹੈ।ਵਾਰਡਰ ਅਮਨਦੀਪ ਸਿੰਘ ਨੰ:634 ਵੱਲੋਂ ਚੱਕਰ ਹੌਲਦਾਰ ਨੂੰ ਇਸ ਘਟਨਾ ਬਾਰੇ ਦੱਸਿਆ, ਤਾਂ ਚੱਕਰ ਹੌਲਦਾਰ ਵੱਲੋਂ ਸ਼੍ਰੀ ਕੰਵਰ ਸੁਰਤੇਗ ਸਿੰਘ ਡਿਪਟੀ ਸੁਪਰਡੈਂਟ(ਫੈਕਟਰੀ) ਕੇਂਦਰੀ ਜੇਲ੍ਹ ਲੁਧਿਆਣਾ ਨੂੰ ਘਟਨਾ ਬਾਰੇ ਦੱਸਿਆ।ਸ਼੍ਰੀ ਕੰਵਰ ਸੁਰਤੇਗ ਸਿੰਘ ਡਿਪਟੀ ਸੁਪਰਡੈਂਟ ਫੈਕਟਰੀ ਦੇ ਕਹਿਣ ਤੇ ਸ਼੍ਰੀ ਕਸ਼ਮੀਰ ਲਾਲ ਸਹਾਇਕ ਸੁਪਰਡੈਂਟ ਅਤੇ ਸ਼੍ਰੀ ਸਰਵਣ ਸਿੰਘ ਸਹਾਇਕ ਸੁਪਰਡੈਂਟ ਵੱਲੋਂ ਸਮੇਤ ਜੇਲ੍ਹ ਗਾਰਦ ਗੰਗਾ ਵਾਰਡ ਬੈਰਕ ਨੰ:03 ਦੀ ਤਲਾਸ਼ੀ ਕੀਤੀ ਗਈ, ਤਲਾਸ਼ੀ ਦੌਰਾਨ ਰੋਸ਼ਨਦਾਨ ਵਿੱਚ ਛੁਪਾਏ ਹੋਏ 03 ਮੋਬਾਇਲ ਫੋਨ ਅਤੇ 25 ਜਰਦੇ ਦੀਆਂ ਪੁੜੀਆਂ ਮਿਲੀਆਂ। ਇਸ ਉਪਰੰਤ ਸ਼੍ਰੀ ਕੰਵਰ ਸੁਰਤੇਗ ਸਿੰਘ ਡਿਪਟੀ ਸੁਪਰਡੈਂਟ ਦੇ ਕਹਿਣ ਤੇ ਵਾਰਡਰ ਦੀਪਕ ਕੁਮਾਰ ਨੰ:620 ਦੇ ਕਮਰੇ ਦੀ ਤਲਾਸ਼ੀ ਕਰਨ ਗਏ, ਤਾਂ ਉੱਥੇ ਕਮਰੇ ਵਿੱਚ ਉਸ ਦੇ ਮੋਬਾਇਲ ਤੇ ਕਾਲ ਆ ਰਹੀ ਸੀ, ਜਦੋਂ ਕਾਲ ਨੂੰ ਮੋਬਾਇਲ ਦਾ ਸਪੀਕਰ ਆਨ ਕਰਕੇ ਸੁਣਿਆ ਤਾਂ ਹਵਾਲਾਤੀ ਰੁਸਤਮ ਪੁੱਤਰ ਸੋਢੀ ਰਾਮ ਕੇਂਦਰੀ ਜੇਲ੍ਹ ਲੁਧਿਆਣਾ ਕਹਿ ਰਿਹਾ ਸੀ ਕਿ ਆਪਣਾ* ***PAYTYM*** *ਨੰਬਰ ਦੇ, ਉਹ ਪੈਸੇ ਭੇਜ ਦਿੰਦਾ, ਤਾਂ ਉਸਨੂੰ ਜਰਦਾ ਭੇਜ ਦੇਵੀਂ। ਮੁੜ ਫੇਰ ਉਸ ਸਮੇਂ ਇੱਕ ਹੋਰ ਕਾਲ ਆਈ, ਤਾਂ ਸਕਿਉਰਟੀ ਜ਼ੋਨ ਵਿੱਚੋਂ ਹਵਾਲਾਤੀ ਅਮਨਦੀਪ ਸਿੰਘ ਉਰਫ਼ ਮੋਲੀ ਪੁੱਤਰ ਮਨਪ੍ਰੀਤ ਸਿੰਘ ਕੇਂਦਰੀ ਜੇਲ੍ਹ ਲੁਧਿਆਣਾ,ਜਰਦਾ ਲਿਆਉਣ ਲਈ ਕਹਿ ਰਿਹਾ ਸੀ।ਵਾਰਡਰ ਦੀਪਕ ਕੁਮਾਰ ਪੇਟੀ ਨੰ:620 ਨੂੰ ਪੇਸ਼ ਕਰਤਾ ਅਫ਼ਸਰ ਸ਼੍ਰੀ ਮਹਿੰਦਰ ਰਾਮ ਸਟੈਨੋ ਕੇਂਦਰੀ ਜੇਲ੍ਹ ਲੁਧਿਆਣਾ ਵੱਲੋਂ ਵਾਰ-2 ਪੱਤਰ ਲਿਖਣ ਤੇ ਕਰਮਚਾਰੀ ਮਿਤੀ 18-10-2023 ਨੂੰ ਇੰਨਕੁਆਰੀ ਵਿੱਚ ਹਾਜ਼ਰ ਹੋ ਕੇ ਆਪਣੇ ਬਿਆਨ ਕਰਵਾਏ।ਕਰਮਚਾਰੀ ਨੇ ਆਪਣੇ ਬਿਆਨਾਂ ਵਿੱਚ ਕਿਹਾ ਕਿ ਉਸ ਦੇ ਫੋਨ ਤੇ ਹਵਾਲਾਤੀ ਰੁਸਤਮ ਦੀ ਕਾਲ ਆਈ ਜੋ ਕਿ ਉਸਨੂੰ ਜਰਦੇ ਦੀ ਪੁੜੀ ਦੇਣ ਲਈ ਕਹਿ ਰਿਹਾ ਸੀ ਅਤੇ ਕਰਮਚਾਰੀ ਦੇ ਫੋਨ ਤੇ ਹੋਰ ਵੀ 02-03 ਕਾਲਾਂ ਆਈਆਂ ਜੋ ਕਿ ਉਸਨੂੰ ਜਰਦੇ ਦੀ ਪੁੜੀ ਦੇਣ ਲਈ ਕਹਿ ਰਹੇ ਸਨ। ਜਿਸ ਤੋਂ ਜਾਪਦਾ ਹੈ ਕਿ ਇਸ ਕਰਮਚਾਰੀ ਦੀ ਹਵਾਲਾਤੀਆਂ ਨਾਲ ਮਿਲੀ-ਭੁਗਤ ਸੀ।ਗਵਾਹਾਂ ਦੇ ਬਿਆਨਾਂ ਅਨੁਸਾਰ ਇਸ ਕਰਮਚਾਰੀ ਦੀਆਂ ਪਹਿਲਾਂ ਵੀ ਜੇਲ੍ਹ ਅੰਦਰ ਵਰਜ਼ਿਤ ਵਸਤੂਆਂ ਦੇਣ ਸਬੰਧੀ ਗਤੀਵਿਧੀਆਂ ਸ਼ੱਕੀ ਸਨ।ਕਰਮਚਾਰੀ ਨੂੰ ਹਵਾਲਾਤੀ ਅਮਨਦੀਪ ਸਿੰਘ ਉਰਫ਼ ਮੋਲੀ ਪੁੱਤਰ ਮਨਪ੍ਰੀਤ ਸਿੰਘ, ਹਵਾਲਾਤੀ ਗਗਨ ਵਿੱਜ ਪੁੱਤਰ ਦਿਨੇਸ਼ ਵਿਜ, ਹਵਾਲਾਤੀ ਪਰਮਵੀਰ ਸਿੰਘ ਪੁੱਤਰ ਕੇਵਲ ਸਿੰਘ ਅਤੇ ਹਵਾਲਾਤੀ ਰੁਸਤਮ ਪੁੱਤਰ ਸੋਢੀ ਰਾਮ ਦੇ ਬਿਆਨਾਂ ਤੇ ਜਿਰਹਾ ਕਰਨ ਦਾ ਮੌਕਾ ਦਿੱਤਾ ਗਿਆ, ਪ੍ਰੰਤੂ ਕਰਮਚਾਰੀ ਵੱਲੋਂ ਸਿਰਫ਼ ਹਵਾਲਾਤੀ ਰੁਸਤਮ ਪੁੱਤਰ ਸੋਢੀ ਰਾਮ ਦੇ ਬਿਆਨਾਂ ਤੇ ਜਿਰਾਹ ਕਰਨ ਲਈ ਕਿਹਾ ਗਿਆ। ਜਿਸ ਦੇ ਸਬੰਧ ਵਿੱਚ ਕਰਮਚਾਰੀ ਨੂੰ ਪੇਸ਼ ਕਰਤਾ ਅਫ਼ਸਰ ਵੱਲੋਂ ਵਾਰ ਵਾਰ ਪੱਤਰ ਲਿਖ ਕੇ ਕੇਂਦਰੀ ਜੇਲ੍ਹ ਲੁਧਿਆਣਾ ਵਿਖੇ ਹਵਾਲਾਤੀ ਰੁਸਤਮ ਪੁੱਤਰ ਸੋਢੀ ਰਾਮ ਦੇ ਬਿਆਨਾਂ ਤੇ ਜਿਰਹਾ ਕਰਨ ਲਈ ਬੁਲਾਇਆ ਗਿਆ, ਪ੍ਰੰਤੂ ਇਹ ਕਰਮਚਾਰੀ ਹਵਾਲਾਤੀ ਤੇ ਬਿਆਨਾਂ ਤੇ ਜਿਰਹਾ ਕਰਨ ਲਈ ਹਾਜ਼ਰ ਨਹੀਂ ਹੋਇਆ।ਇਸ ਕਰਮਚਾਰੀ ਵੱਲੋਂ*

ਵਿਭਾਗੀ ਇੰਨਕੁਆਰੀ ਦੌਰਾਨ ਇੰਨਕੁਆਰੀ ਅਫ਼ਸਰ ਅਤੇ ਪੇਸ਼ ਕਰਤਾ ਅਫ਼ਸਰ ਨੂੰ ਇੰਨਕੁਆਰੀ ਵਿੱਚ ਪ੍ਰੋਪਰ ਸਹਿਯੋਗ ਨਹੀਂ ਦਿੱਤਾ ਗਿਆ, ਜਿਸ ਕਾਰਨ ਇੰਨਕੁਆਰੀ ਮੁਕੰਮਲ ਕਰਨ ਵਿੱਚ ਦੇਰੀ ਹੋਈ ਹੈ। ਇਸ ਤਰ੍ਹਾਂ ਵਾਰਡਰ ਦੀਪਕ ਕੁਮਾਰ ਪੇਟੀ ਨੰ:620 ਤੇ ਚਾਰਜਸ਼ੀਟ ਵਿੱਚ ਲਗਾਏ ਦੋਸ਼ ਸਿੱਧ ਹੁੰਦੇ ਹਨ। "ਇਸ ਲਈ ਆਪ ਨੂੰ ਵਿਭਾਗੀ ਇੰਨਕੁਆਰੀ ਦੌਰਾਨ ਦੋਸ਼ੀ ਪਾਏ ਜਾਣ ਤੇ ਇਸ ਦਫ਼ਤਰ ਦੇ ਪਿੱਠ ਅੰਕਣ ਨੰ:3315-16 ਮਿਤੀ 21-12-2023 ਰਾਹੀਂ ਪੰਜਾਬ ਜੇਲ੍ਹ ਵਿਭਾਗ ਸਟੇਟ ਸਰਵਿਸਜ਼(ਕਲਾਸ-3) ਐਗਜੈਕਟਿਵ ਰੂਲਜ਼ 1963 ਦੇ ਸੈਕਸ਼ਨ-15 ਅਤੇ ਪੰਜਾਬ ਜੇਲ੍ਹ ਵਿਭਾਗ ਐਗਜੈਕਟਿਵ ਸਟਾਫ(ਸਜਾ ਅਤੇ ਅਪੀਲ) ਰੂਲਜ਼ 1943 ਦੇ ਰੂਲ 3 ਨੂੰ ਪੰਜਾਬ ਸਿਵਲ ਸਰਵਿਸਜ਼ (ਸਜਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 8 ਨਾਲ ਪੜ੍ਹਦੇ ਹੋਏ ਪਾਰਟ-3 ਦੇ ਰੂਲ 5 ਵਿੱਚ ਦਿੱਤੀਆਂ ਹੋਈਆਂ ਸਜ਼ਾਵਾ ਵਿੱਚੋ ਰੂਲ 5 ਤੋਂ 9 ਅਧੀਨ ਦਿੱਤੀਆਂ ਗਈਆਂ ਸਜ਼ਾਵਾ ਵਿੱਚੋ ਕੋਈ ਇੱਕ ਸਜ਼ਾ ਦੇਣ ਦੀ ਤਜਵੀਜ਼ ਹਿੱਤ ਸੋ-ਕਾਜ ਨੋਟਿਸ ਜਾਰੀ ਕੀਤਾ ਗਿਆ। ਆਪ ਵੱਲੋਂ ਸੋ-ਕਾਜ ਨੋਟਿਸ ਦਾ ਜਵਾਬ ਪ੍ਰਾਪਤ ਨਹੀਂ ਹੋਇਆ।

4. ਆਪ ਦੇ ਵਿਭਾਗੀ ਕੇਸ ਦਾ ਫੈਸਲਾਂ ਕਰਨ ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਆਪਣਾ ਪੱਖ ਪੇਸ਼ ਕਰਨ ਲਈ ਇਸ ਦਫ਼ਤਰ ਦੇ ਪੱਤਰ ਨੰ: 967-68 ਮਿਤੀ 09.02.2024 ਰਾਹੀਂ ਮਿਤੀ 23-02-2024 ਨੂੰ ਨਿਮਨਹਸ਼ਤਾਖਰੀ ਦੇ ਦਫ਼ਤਰ ਚੰਡੀਗੜ੍ਹ ਵਿਖੇ ਨਿੱਜੀ ਸੁਣਵਾਈ ਲਈ ਬੁਲਾਇਆ ਗਿਆ ਸੀ, ਪ੍ਰੰਤੂ ਆਪ ਨਿੱਜੀ ਸੁਣਵਾਈ ਲਈ ਪੇਸ਼ ਨਹੀਂ ਹੋਏ। ਆਪ ਨੂੰ ਇਸ ਦਫ਼ਤਰ ਦੇ ਪੱਤਰ ਨੰ:1099-1100 ਮਿਤੀ 29-02-2024 ਰਾਹੀਂ ਮਿਤੀ 15-03-2024 ਨੂੰ ਆਪਣਾ ਸਫ਼ਾਈ ਪੇਸ਼ ਕਰਨ ਲਈ ਇੱਕ ਹੋਰ ਮੌਕਾ ਦਿੰਦਾ ਹੋਏ ਨਿੱਜੀ ਸੁਣਵਾਈ ਲਈ ਬੁਲਾਇਆ ਗਿਆ। ਪ੍ਰੰਤੂ ਆਪ ਫਿਰ ਵੀ ਨਿੱਜੀ ਸੁਣਵਾਈ ਲਈ ਪੇਸ਼ ਨਹੀਂ ਹੋਏ। ਇਸ ਉਪਰੰਤ ਇਸ ਦਫ਼ਤਰ ਦੇ ਪੱਤਰ ਨੰ:1508-09 ਮਿਤੀ 17-04-2024 ਰਾਹੀਂ ਮਿਤੀ 29-04-2024 ਨੂੰ ਆਪ ਨੂੰ ਨਿੱਜੀ ਸੁਣਵਾਈ ਲਈ ਇੱਕ ਹੋਰ ਆਖਰੀ ਮੌਕਾ ਦਿੱਤਾ ਗਿਆ। ਆਪ ਨਿੱਜੀ ਸੁਣਵਾਈ ਲਈ ਪੇਸ਼ ਹੋਏ,ਆਪਦਾ ਪੱਖ ਧਿਆਨ ਨਾਲ ਸੁਣਿਆ ਗਿਆ। ਆਪ ਵੱਲੋਂ ਆਪਣੇ ਬਚਾਅ ਪੱਖ ਵਿੱਚ ਕੋਈ ਅਜਿਹੀ ਦਲੀਲ/ਸਬੂਤ ਪੇਸ਼ ਨਹੀਂ ਕੀਤਾ, ਜਿਸ ਦੇ ਆਧਾਰ ਆਪ ਨੂੰ ਦੋਸ਼ ਮੁਕਤ ਕੀਤਾ ਜਾ ਸਕੇ।

5. ਆਪ ਸ਼੍ਰੀ ਦੀਪਕ ਕੁਮਾਰ,ਵਾਰਡਰ ਪੇਟੀ ਨੰ:620 ਦੇ ਸਰਵਿਸ ਰਿਕਾਰਡ ਅਤੇ ਡਿਟੇਲਡ ਵਿਭਾਗੀ ਪੜਤਾਲ ਰਿਪੋਰਟ ਨੂੰ ਗਹੁੰ ਨਾਲ ਵਾਚਿਆ ਅਤੇ ਵਾਚਣ ਤੇ ਇਹ ਪਾਇਆ ਕਿ ਆਪ ਖਿਲਾਫ਼ ਚਾਰਜਸ਼ੀਟ ਵਿੱਚ ਲੱਗੇ ਦੋਸ਼ ਇੰਨਕੁਆਰੀ ਰਿਪੋਰਟ ਅਨੁਸਾਰ ਸਾਬਤ ਹੁੰਦੇ ਹਨ। ਆਪ ਇੱਕ ਵਰਦੀਧਾਰੀ ਫੋਰਸ ਦਾ ਹਿੱਸਾ ਹੋ, ਆਪ ਦੀ ਡਿਊਟੀ ਜੇਲ੍ਹ ਅੰਦਰ ਬੰਦ ਬੰਦੀਆਂ ਦੀ ਨਿਗਰਾਨੀ ਅਤੇ ਸੁਰੱਖਿਆ ਦੀ ਹੈ। ਪਰ ਆਪ ਵੱਲੋਂ ਜੇਲ੍ਹ ਅੰਦਰ ਆਏ ਫੈਂਕੇ ਜਿਸ ਵਿੱਚ ਵਰਜ਼ਿਤ ਵਸਤੂ ਅਤੇ ਮੋਬਾਇਲ ਫੋਨ ਸਨ, ਨੂੰ ਜੇਲ੍ਹ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਦੇ ਪੇਸ਼ ਕਰਨ ਦੇ ਪੇਸ਼ ਕਰਨ ਦੀ ਬਜਾਏ ਜੇਲ੍ਹ ਅੰਦਰ ਬੰਦੀਆਂ ਤੱਕ ਪਹੁੰਚਾਉਣਾ ਅਤੇ ਜੇਲ੍ਹ ਅੰਦਰ ਬੰਦ ਬੰਦੀਆ ਨਾਲ ਤਾਲਮੇਲ ਬਣਾ ਕੇ ਘੋਰ ਅਪਰਾਧ ਅਤੇ ਘੋਰ ਦੁਰਾਚਾਰ (The Gravest Act of misconduct) ਕੀਤਾ ਹੈ। ਅਜਿਹਾ ਕਰਕੇ ਆਪ ਵੱਲੋਂ ਆਪਣੀ ਡਿਊਟੀ ਜੇਲ੍ਹ ਨਿਯਮਾਂ/ਰੂਲਾਂ ਅਨੁਸਾਰ ਸਹੀ ਦੰਗ ਨਾਲ ਨਹੀਂ ਨਿਭਾਈ ਜੋ ਕਿ ਡਿਊਟੀ ਪ੍ਰਤੀ ਘੋਰ ਅਣਗਹਿਲੀ ਹੈ। ਉਪਰੋਕਤ ਦੋਸ਼ਾਂ ਨੂੰ ਅੰਜਾਮ ਦੇ ਕੇ ਆਪ ਵੱਲੋਂ ਸਰਕਾਰ ਅਤੇ ਵਿਭਾਗ ਨਾਲ ਇਮਾਨਦਾਰੀ/ਵਫਾਦਾਰੀ ਨਾ ਨਿਭਾਕੇ ਘੋਰ ਦੁਰਾਚਾਰ ਕੀਤਾ ਹੈ। ਅਜਿਹੇ ਘੋਰ ਦੁਰਾਚਾਰੀ ਕਰਮਚਾਰੀ ਨੂੰ ਸਰਕਾਰੀ ਨੌਕਰੀ ਵਿੱਚ ਰੱਖਣਾ ਸਰਕਾਰ ਅਤੇ ਲੋਕ ਹਿੱਤ ਵਿੱਚ ਨਹੀਂ ਹੈ।

ਆਪ ਸ਼੍ਰੀ ਦੀਪਕ ਕੁਮਾਰ, ਵਾਰਡਰ ਪੇਟੀ ਨੰ:620, ਕੇਂਦਰੀ ਜੇਲ੍ਹ ਲੁਧਿਆਣਾ ਹਾਲ ਕੇਂਦਰੀ ਜੇਲ੍ਹ ਅੰਮ੍ਰਿਤਸਰ ਨੂੰ ਚਾਰਜਸ਼ੀਟ ਵਿੱਚ ਲਗਾਏ ਦੋਸ਼ ਸਿੱਧ ਹੋਣ ਤੇ ਦੋਸ਼ਾ ਨੂੰ ਅੰਜਾਮ ਦੇਣ ਦਾ ਦੁਰਾਚਾਰੀ ਮੰਨਦੇ ਹੋਏ, ਮੈਂ ਸੁਰਿੰਦਰ ਸਿੰਘ, ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਪਟਿਆਲਾ, ਪੰਜਾਬ ਸਟੇਟ ਜੇਲ੍ਹ ਵਿਭਾਗ (ਕਲਾਸ-3 ਐਗਜੈਕਟਿਵ) ਰੂਲਜ਼ 1963 ਦੇ ਰੂਲ 15 (1) ਦੇ ਅਪੈਂਡਕਸ ਬੀ ਦੇ ਸੀਰੀਅਲ ਨੰਬਰ 4 (ਬੀ) ਦੇ (ਜੀ) ਤੋਂ (ਜੇ) ਅਨੁਸਾਰ ਵਾਰਡਰ/ਮੇਟਰਨ ਨੂੰ ਸਜ਼ਾਂ ਦੇਣ ਦਾ ਸਮਰੱਥ ਅਥਾਰਟੀ ਹੁੰਦੇ ਹੋਏ, ਆਪ ਸ਼੍ਰੀ ਦੀਪਕ ਕੁਮਾਰ,ਵਾਰਡਰ ਪੇਟੀ ਨੰ:620, ਕੇਂਦਰੀ ਜੇਲ੍ਹ ਲੁਧਿਆਣਾ ਹਾਲ ਕੇਂਦਰੀ ਜੇਲ੍ਹ ਅੰਮ੍ਰਿਤਸਰ ਨੂੰ ਨੌਕਰੀ ਤੋਂ ਤੁਰੰਤ ਬਰਖਾਸ਼ਤ/ਟਰਮੀਨੇਟ ਕਰਦਾ ਹਾਂ। ਇਹ ਸੇਵਾ ਤੋਂ ਬਰਖਾਸ਼ਤੀ ਅਜਿਹੀ ਹੈ ਜਿਸ ਨਾਲ ਆਪ ਅੱਗੇ ਤੋਂ ਕਿਸੇ ਵੀ ਹੋਰ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਨ ਦੇ ਯੋਗ ਨਹੀਂ ਹੋਵੋਗੇ।

ਬਰਖਾਸਤ ਹੋਏ ਕਰਮਚਾਰੀ ਦੇ ਪਾਰਟੀਕੂਲਰ:-

1.	ਨਾਮ	ਸ਼੍ਰੀ ਦੀਪਕ ਕੁਮਾਰ, ਵਾਰਡਰ ਪੇਟੀ ਨੰ:620
2.	ਪਿਤਾ ਦਾ ਨਾਮ	ਸ਼੍ਰੀ ਦੀਨਾ ਰਾਮ

3.	ਘਰੇਲੂ ਪਤਾ	ਵਾਰਡ ਨੰ:11, ਮੁੱਹਲਾ ਬੇਤਾਬਾਟ, ਤਹਿਸੀਲ ਗਿਦੜਬਾਹਾ ਜਿਲ੍ਹਾਂ ਸ੍ਰੀ ਮੁਕਤਸਰ ਸਾਹਿਬ।
4.	ਜਨਮ	ਮਿਤੀ 14-03-1984
5.	ਭਰਤੀ ਦੀ ਮਿਤੀ	15-12-2017
6.	ਰਿਟਾਇਰਮੈਂਟ ਦੀ ਮਿਤੀ	31-03-2042
7.	ਜਾਤ/ਕੈਟਾਗਿਰੀ	ਜਨਰਲ

ਸਹੀ/-

(ਸੁਰਿੰਦਰ ਸਿੰਘ)

ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-

ਸੁਪਰਡੈਂਟ, ਹੈਡਕੁਆਟਰ ਜੇਲ੍ਹ ਪਟਿਆਲਾ।

3750/6-2026/Pb. Govt. Press, S.A.S. Nagar